# ਅਕਸਰ ਪੁੱਛੇ ਜਾਣ ਵਾਲੇ ਪ੍ਰਸ਼ਨ

**ਪ੍ਰ1. ਕੀ ਸਾਰੇ ਵਿਦਿਆਰਥੀਆਂ ਨੂੰ ਇਸ ਲੋੜ ਨੂੰ ਪੂਰਾ ਕਰਨ ਦੀ ਜ਼ਰੂਰਤ ਹੈ?**

ਹਾਂ, ਬੀ.ਸੀ. ਸੁਤੰਤਰ ਅਤੇ ਪ੍ਰਮਾਣਿਤ ਆਫਸ਼ੋਰ ਸਕੂਲਾਂ ਸਮੇਤ, ਬੀਸੀ ਸਰਟੀਫਿਕੇਸ਼ਨ ਆਫ਼ ਗ੍ਰੈਜੂਏਸ਼ਨ (ਡੌਗਵੁਡ ਡਿਪਲੋਮਾ,ਅੰਗਰੇਜ਼ੀ ਅਤੇ ਫ੍ਰੈਂਚ ਦੋਵਾਂ ਵਿੱਚ) ਲਈ ਕੰਮ ਕਰ ਰਹੇ ਸਾਰੇ ਵਿਦਿਆਰਥੀਆਂ ਨੂੰ ਨਵੀਂ ਗ੍ਰੈਜੂਏਸ਼ਨ ਲੋੜ ਨੂੰ ਪੂਰਾ ਕਰਨ ਦੀ ਜ਼ਰੂਰਤ ਹੈ।

**ਪ੍ਰ2. ਕੀ ਇਹ ਚੋਣਵੇਂ ਵਿਸ਼ਿਆਂ ਸੰਬੰਧੀ ਵਿਦਿਆਰਥੀਆਂ ਦੀ ਚੋਣ ਨੂੰ ਸੀਮਤ ਕਰਦਾ ਹੈ?**

ਜ਼ਰੂਰੀ ਨਹੀਂ। ਵਿਦਿਆਰਥੀਆਂ ਕੋਲ ਉਹਨਾਂ ਦੇ ਸਕੂਲ/ਜ਼ਿਲ੍ਹੇ ਦੀਆਂ ਖਾਸ ਕੋਰਸ ਪੇਸ਼ਕਸ਼ਾਂ ਦੇ ਆਧਾਰ 'ਤੇ, ਸੂਬਾਈ ਕੋਰਸਾਂ ਵਿੱਚੋਂ ਇੱਕ ਚੁਣਨ ਦਾ ਵਿਕਲਪ ਹੋ ਸਕਦਾ ਹੈ ਜੋ ਮੌਜੂਦਾ ਗ੍ਰੈਜੂਏਸ਼ਨ ਲੋੜਾਂ ਦੇ ਨਾਲ-ਨਾਲ ਸਵਦੇਸ਼ੀ-ਕੇਂਦ੍ਰਿਤ ਗ੍ਰੈਜੂਏਸ਼ਨ ਜ਼ਰੂਰਤਾਂ ਨੂੰ ਪੂਰਾ ਕਰਦਾ ਹੈ।

**ਪ੍ਰ3. ਕੀ ਇਹ ਲੋੜ ਪੋਸਟ-ਸੈਕੰਡਰੀ ਵਿੱਚ ਵਿਦਿਆਰਥੀਆਂ ਦੀ ਤਬਦੀਲੀ ਨੂੰ ਪ੍ਰਭਾਵਿਤ ਕਰੇਗੀ?**

ਨਹੀਂ, ਵਿਦਿਆਰਥੀ ਮੌਜੂਦਾ ਪ੍ਰੋਵਿੰਸ਼ੀਅਲ ਕੋਰਸਾਂ ਨੂੰ ਪੂਰਾ ਕਰਨ ਦੁਆਰਾ ਲੋੜ ਨੂੰ ਪੂਰਾ ਕਰਨ ਦੇ ਯੋਗ ਹੁੰਦੇ ਹਨ ਜੋ ਕੈਨੇਡਾ ਵਿੱਚ ਪੋਸਟ-ਸੈਕੰਡਰੀ ਸੰਸਥਾਵਾਂ ਦੁਆਰਾ ਪਹਿਲਾਂ ਹੀ ਸਵੀਕਾਰ ਕੀਤੇ ਜਾਂਦੇ ਹਨ।

---

ਕੈਨੇਡਾ ਤੋਂ ਬਾਹਰ ਪੇਸ਼ ਕੀਤੇ ਜਾਣ ਵਾਲੇ ਪੋਸਟ-ਸੈਕੰਡਰੀ ਪ੍ਰੋਗਰਾਮਾਂ ਲਈ, ਜਾਂ ਬਹੁਤ ਖਾਸ ਪ੍ਰਵੇਸ਼ ਲੋੜਾਂ ਦੇ ਨਾਲ, ਵਿਦਿਆਰਥੀ ਸੰਭਾਵੀ ਤੌਰ 'ਤੇ ਗ੍ਰੇਡ 10 ਪੱਧਰ ਦਾ ਕੋਰਸ ਚੁਣ ਸਕਦੇ ਹਨ ਜਾਂ ਨਵੀਂ ਲੋੜ ਨੂੰ ਚੋਣਵੇਂ ਵਿਸ਼ੇ ਵਜੋਂ ਸ਼ਾਮਲ ਕਰ ਸਕਦੇ ਹਨ।

ਨਵੀਂ ਲੋੜ ਜਨਤਕ ਪੋਸਟ-ਸੈਕੰਡਰੀ ਸੰਸਥਾਵਾਂ, ਜਿਸ ਵਿੱਚ ਬੀਸੀ ਅਧਿਆਪਕ ਸਿੱਖਿਆ ਪ੍ਰੋਗਰਾਮ ਅਤੇ ਯੂਬੀਸੀ ਸਕੂਲ ਆਫ਼ ਲਾਅ ਸ਼ਾਮਲ ਹਨ, ਦੁਆਰਾ ਵਿਦਿਆਰਥੀਆਂ ਲਈ ਲੋੜੀਂਦੇ ਸਵਦੇਸ਼ੀ ਸਿੱਖਿਆ ਕੋਰਸਵਰਕ ਨੂੰ ਪੇਸ਼ ਕਰਨ ਲਈ ਕੀਤੀਆਂ ਗਈਆਂ ਕਾਰਵਾਈਆਂ ਨਾਲ ਮੇਲ ਖਾਂਦੀ ਹੈ।

---

ਜੇਕਰ ਤੁਹਾਡੇ ਬੱਚੇ ਲਈ ਉਪਲਬਧ ਕੋਰਸ ਵਿਕਲਪਾਂ ਸਮੇਤ, ਵਾਧੂ ਸਵਾਲ ਹਨ, ਤਾਂ ਕਿਰਪਾ ਕਰਕੇ ਆਪਣੇ ਸਥਾਨਕ ਸਕੂਲ ਜਾਂ ਸਕੂਲ ਜ਼ਿਲ੍ਹੇ ਨਾਲ ਸੰਪਰਕ ਕਰੋ।

## ਸਿੱਖਿਆ ਅਤੇ ਬਾਲ ਦੇਖਭਾਲ ਮੰਤਰਾਲੇ ਦੀ ਸੰਪਰਕ ਜਾਣਕਾਰੀ

GradRequirements@gov.bc.ca

gov.bc.ca/indigenous-focused-grad-requirement



# ਸਵਦੇਸ਼ੀ ਕੇਂਦ੍ਰਿਤ ਗ੍ਰੈਜੂਏਸ਼ਨ ਦੀ ਲੋੜ

BRITISH COLUMBIA | Ministry of Education and Child Care

# ਨਵਾਂ ਕੀ ਹੈ?

ਬ੍ਰਿਟਿਸ਼ ਕੋਲੰਬੀਆ ਸੂਬੇ ਦੀ ਸੱਚਾਈ, ਸੁਲ੍ਹਾ, ਅਤੇ ਨਸਲਵਾਦ ਵਿਰੋਧੀ ਵਚਨਬੱਧਤਾ ਦੇ ਹਿੱਸੇ ਵਜੋਂ, ਸਿੱਖਿਆ ਅਤੇ ਬਾਲ ਦੇਖਭਾਲ ਮੰਤਰਾਲੇ ਨੇ ਸਾਰੇ ਵਿਦਿਆਰਥੀਆਂ ਲਈ ਲਾਜ਼ਮੀ ਸਵਦੇਸ਼ੀ-ਕੇਂਦ੍ਰਿਤ ਗ੍ਰੈਜੂਏਸ਼ਨ ਲੋੜ ਨੂੰ ਲਾਗੂ ਕੀਤਾ ਹੈ।

ਨਵੀਂ ਲੋੜ ਸਵਦੇਸ਼ੀ ਦ੍ਰਿਸ਼ਟੀਕੋਣਾਂ ਅਤੇ ਸਮਗਰੀ ਨੂੰ ਮੁੜ-ਡਿਜ਼ਾਈਨ ਕੀਤੇ ਗਏ K12- ਸੂਬਾਈ ਪਾਠਕ੍ਰਮ ਅਤੇ ਬੀਸੀ ਸਿੱਖਿਅਕਾਂ ਲਈ ਪੇਸ਼ੇਵਰ ਵਿਕਾਸ ਅਤੇ ਮਿਆਰਾਂ ਵਿੱਚ ਏਕੀਕ੍ਰਿਤ ਕਰਨ ਲਈ ਅੱਜ ਤੱਕ ਦੇ ਕੰਮ 'ਤੇ ਅਗੇ ਕੰਮ ਕਰਦੀ ਹੈ।

ਆਪਣੇ ਸਕੂਲ ਜਾਂ ਸਕੂਲ ਡਿਸਟ੍ਰਿਕਟ ਦੀਆਂ ਖਾਸ ਕੋਰਸ ਪੇਸ਼ਕਸ਼ਾਂ 'ਤੇ ਨਿਰਭਰ ਕਰਦੇ ਹੋਏ, ਵਿਦਿਆਰਥੀ ਕਈ ਤਰੀਕਿਆਂ ਨਾਲ ਨਵੀਂ ਲੋੜ ਨੂੰ ਪੂਰਾ ਕਰ ਸਕਦੇ ਹਨ।

## ਲੋੜ ਨੂੰ ਪੂਰਾ ਕਰਨਾ

ਬੀਸੀ ਦੇ ਗ੍ਰੈਜੂਏਸ਼ਨ ਸਰਟੀਫਿਕੇਟ ਨਾਲ ਗ੍ਰੈਜੂਏਟ ਹੋਣ ਲਈ ਲੋੜੀਂਦੇ **80 ਕ੍ਰੈਡਿਟਾਂ** ਵਿੱਚੋਂ **ਚਾਰ ਕ੍ਰੈਡਿਟਾਂ** ਵਿੱਚ **ਸਵਦੇਸ਼ੀ-ਕੇਂਦ੍ਰਿਤ ਕੋਰਸ(ਸਾਂ) ਦਾ ਸ਼ਾਮਲ ਹੋਣਾ ਲਾਜ਼ਮੀ ਹੈ।** (ਆਮ ਬੀਸੀ ਕੋਰਸ 4 ਕ੍ਰੈਡਿਟ ਹੈ) ।

ਮੌਜੂਦਾ ਵਿਕਲਪ ਜਿੰਨ੍ਹਾਂ ਵਿੱਚੋਂ ਵਿਦਿਆਰਥੀ ਚੁਣ ਸਕਦੇ ਹਨ:

### ਸੂਬਾਈ ਕੋਰਸ

- ਅੱਠ ਇੰਗਲਿਸ਼ ਫਸਟ ਪੀਪਲਜ਼ ਕੋਰਸ, ਗ੍ਰੇਡ 12-10, ਬੀਸੀ ਫਸਟ ਪੀਪਲਜ਼ 12 ਅਤੇ ਕੰਟੇਮਪਰੇਰੀ ਇੰਡਿਜਨਸ ਸਟੱਡੀਜ਼ 12।
- ਇਹ ਕੋਰਸ ਇੰਗਲਿਸ਼ ਲੈਂਗੁਏਜ ਆਰਟਸ ਅਤੇ ਸੋਸ਼ਲ ਸਟੱਡੀਜ਼ ਵਿੱਚ ਗ੍ਰੈਜੂਏਸ਼ਨ ਦੀਆਂ ਹੋਰ ਲੋੜਾਂ ਵੀ ਪੂਰਾ ਕਰਦੇ ਹਨ।
- ਹਰੇਕ ਕੋਰਸ ਦੇ ਕ੍ਰੈਡਿਟ ਮੁੱਲਾਂ ਸਮੇਤ, ਸੂਬਾਈ ਕੋਰਸ ਵਿਕਲਪਾਂ ਦੀ ਪੂਰੀ ਸੂਚੀ ਲਈ ਕਿਰਪਾ ਕਰਕੇ ਮੰਤਰਾਲੇ ਦੀ ਵੈੱਬਸਾਈਟ ਦੇਖੋ।

### ਫਸਟ ਨੇਸ਼ਨਜ਼ ਭਾਸ਼ਾ ਦੇ ਕੋਰਸ

- ਫਸਟ ਨੇ ਸ਼ਨਜ਼ ਭਾਸ਼ਾ ਦੇ ਕੋਰਸ, ਗ੍ਰੇਡ 12-10।
- ਫਸਟ ਨੇ ਸ਼ਨਜ਼ ਭਾਸ਼ਾ ਦੇ ਕੋਰਸ ਦੇ ਵਿਕਲਪਾਂ ਦੀ ਪੂਰੀ ਸੂਚੀ ਲਈ, ਕਿਰਪਾ ਕਰਕੇ ਮੰਤਰਾਲੇ ਦੀ ਵੈੱਬਸਾਈਟ ਦੇਖੋ।

### ਬੋਰਡ/ਅਥਾਰਟੀ ਅਧਿਕਾਰਤ (BAA) ਕੋਰਸ

- ਵਿਦਿਆਰਥੀਆਂ ਨੂੰ ਇਸ ਲੋੜ ਨੂੰ ਪੂਰਾ ਕਰਨ ਦੇ ਯੋਗ ਬਣਾਉਣ ਲਈ, ਬੋਰਡ/ਅਥਾਰਟੀਆਂ ਸਥਾਨਕ ਤੌਰ 'ਤੇ ਵਿਕਸਤ ਕੋਰਸਾਂ ਨੂੰ ਅਧਿਕਾਰਤ ਕਰ ਸਕਦੇ ਹਨ।
- ਇਸ ਨਵੀਂ ਗ੍ਰੈਜੂਏਸ਼ਨ ਲੋੜ ਨੂੰ ਪੂਰਾ ਕਰਨ ਲਈ BAA ਕੋਰਸਾਂ ਲਈ ਅਜਿਹੇ ਕੋਰਸਾਂ ਨੂੰ ਵਿਕਸਤ ਕਰਨ ਵਿੱਚ ਸਥਾਨਕ ਫਸਟ ਨੇਸ਼ਨਜ਼ ਨੂੰ ਸ਼ਾਮਲ ਕਰਨਾ ਜ਼ਰੂਰੀ ਹੈ।
- ਉਪਲਬਧ BAA ਕੋਰਸਾਂ ਬਾਰੇ ਜਾਣਕਾਰੀ ਪ੍ਰਾਪਤ ਕਰਨ ਲਈ ਕਿਰਪਾ ਕਰਕੇ ਆਪਣੇ ਸਕੂਲ ਜਾਂ ਸਕੂਲ ਜ਼ਿਲ੍ਹੇ ਨਾਲ ਸੰਪਰਕ ਕਰੋ।

## ਤਬਦੀਲੀ ਕਿਉਂ ਕੀਤੀ ਜਾ ਰਹੀ ਹੈ?

ਬੀਸੀ ਗ੍ਰੈਜੂਏਸ਼ਨ ਪ੍ਰੋਗਰਾਮ ਵਿੱਚ ਇਹ ਤਬਦੀਲੀ ਇੱਕ ਸਥਾਈ ਅਤੇ ਅਰਥਪੂਰਨ ਸੁਲ੍ਹਾ ਵੱਲ ਅਗਲੇ ਮਹੱਤਵਪੂਰਨ ਕਦਮ ਦੀ ਪ੍ਰਤੀਨਿਧਤਾ ਕਰਦੀ ਹੈ। ਨਵੀਂ ਗ੍ਰੈਜੂਏਸ਼ਨ ਲੋੜ ਸਾਰੇ ਬੀ.ਸੀ. ਵਿਦਿਆਰਥੀਆਂ ਨੂੰ ਕੈਨੇਡਾ ਵਿੱਚ ਸਵਦੇਸ਼ੀ ਲੋਕਾਂ ਦੇ ਤਜ਼ਰਬਿਆਂ, ਸੱਭਿਆਚਾਰਾਂ, ਇਤਿਹਾਸਾਂ ਅਤੇ ਸਮਕਾਲੀ ਸੰਦਰਭਾਂ ਦੀ ਡੂੰਘੀ ਸਮਝ ਵਿਕਸਿਤ ਕਰਨ ਲਈ ਲੋੜੀਂਦਾ ਸਮਾਂ ਅਤੇ ਮੌਕੇ ਪ੍ਰਦਾਨ ਕਰੇਗੀ।

ਸਵਦੇਸ਼ੀ-ਕੇਂਦ੍ਰਿਤ ਗ੍ਰੈਜੂਏਸ਼ਨ ਦੀ ਲੋੜ ਡੇਕਲੇਰੇਸ਼ਨ ਔਨ ਦ ਰਾਈਟਸ ਔਫ ਇੰਡਿਜਨਸ ਪੀਪਲਜ਼ ਐਕਟ (*Declaration on the Rights of Indigenous Peoples Act*) ਲਈ ਕਾਰਜ ਯੋਜਨਾ ਦੀਆਂ ਵਚਨਬੱਧਤਾਵਾਂ ਦਾ ਜਵਾਬ ਦਿੰਦੀ ਹੈ ਅਤੇ ਬੀਸੀ ਟ੍ਰਾਈਪਾਰਟਾਈਟ ਐਜੂਕੇਸ਼ਨ ਐਗਰੀਮੈਂਟ (BC Tripartite Education Agreement) ਦੀਆਂ ਜ਼ਿੰਮੇਵਾਰੀਆਂ ਨਾਲ ਇਕਸਾਰ ਹੈ।

ਨਵੀਂ ਲੋੜ K12- ਸਿੱਖਿਆ ਪ੍ਰਣਾਲੀ ਵਿੱਚ ਸਵਦੇਸ਼ੀ-ਵਿਸ਼ੇਸ਼ ਨਸਲਵਾਦ ਨੂੰ ਹੱਲ ਕਰਨ ਲਈ ਸਿੱਖਿਆ ਅਤੇ ਬਾਲ ਦੇਖਭਾਲ ਮੰਤਰਾਲੇ, ਫਸਟ ਨੇਸ਼ਨਜ਼ ਐਜੂਕੇਸ਼ਨ ਸਟੀਅਰਿੰਗ ਕਮੇਟੀ, ਅਤੇ ਹੋਰ ਸਿੱਖਿਆ ਭਾਈਵਾਲਾਂ ਦੁਆਰਾ ਚੱਲ ਰਹੇ ਕੰਮ ਨੂੰ ਵੀ ਦਰਸਾਉਂਦੀ ਹੈ।

BRITISH COLUMBIA | Ministry of Education and Child Care